ਹਥਿਆਰਬੰਦ ਸਿੱਖ ਸੰਘਰਸ਼ ਦੇ ਸੰਦਰਭ ਵਿੱਚ ਖੱਬੇ ਪੱਖੀ ਵਿਚਾਰਧਾਰਾ ਦੇ ਲੇਖਕਾਂ ਦੀ ਪਹੁੰਚ

ਬਘੇਲ ਸਿੰਘ ਧਾਲੀਵਾਲ
ਮੋਬ: 99142-58142

ਇਕ ਅਖਬਾਰ ਦੇ 15 ਜੁਲਾਈ ਦੇ ਸੰਪਾਦਕੀ ਪੰਨੇ 'ਤੇ ਪੱਤਰਕਾਰ ਜਗਤਾਰ ਸਿੰਘ ਦਾ 'ਖ਼ੂਨੀ ਇਤਿਹਾਸ ਦਾ ਗਵਾਹ ਸ਼ਾਂਤ ਵਗਦਾ ਸਤਲੁਜ' ਸਿਰਲੇਖ ਹੇਠ ਲੇਖ ਛਪਿਆ ਹੈ। ਲੇਖ ਦਾ ਕੇਂਦਰ 'ਸਤਲੁਜ' ਫਿਲਮ ਹੈ, ਜਿਸ ਵਿੱਚ ਪੰਜਾਬ ਦੇ ਉਸ ਦੌਰ ਦੀ ਕਹਾਣੀ ਨੂੰ ਦਰਸਾਉਣ ਦੀ ਕੋਸ਼ਿਸ਼ ਕੀਤੀ ਗਈ ਹੈ, ਜਿਸ ਦੌਰਾਨ ਸਿੱਖ ਮਨੁੱਖੀ ਅਧਿਕਾਰ ਕਾਰਕੁੰਨ ਕੌਮੀ ਸ਼ਹੀਦ ਭਾਈ ਜਸਵੰਤ ਸਿੰਘ ਖਾਲੜਾ ਨੇ ਲਾਪਤਾ ਕੀਤੇ ਗਏ ਲੋਕਾਂ ਅਤੇ ਕਥਿਤ ਗੈਰ-ਕਾਨੂੰਨੀ ਹੱਤਿਆਵਾਂ ਦੇ ਮਾਮਲੇ ਉਠਾਏ ਸਨ। ਫਿਲਮ ਨੂੰ ਲੈ ਕੇ ਸਰਕਾਰੀ ਪੱਧਰ 'ਤੇ ਪੈਦਾ ਕੀਤੇ ਗਏ ਵਿਵਾਦ ਅਤੇ ਰੋਕ-ਟੋਕ ਨੇ ਪੰਜਾਬ ਦੇ ਉਸ ਖ਼ੂਨੀ ਦੌਰ ਦੇ ਬਾਰੇ ਵਿੱਚ ਮੁੜ ਚਰਚਾ ਛੇੜ ਦਿੱਤੀ ਹੈ। ਪਰ ਇਸ ਲੇਖ ਨੂੰ ਪੜ੍ਹਦਿਆਂ ਇੱਕ ਵੱਡਾ ਸਵਾਲ ਪੈਦਾ ਹੁੰਦਾ ਹੈ, ਕਿ ਕੀ ਖੱਬੇ ਪੱਖੀ ਵਿਚਾਰਧਾਰਾ ਵੱਲੋਂ ਦਹਾਕਿਆਂ ਤੋਂ ਸਿੱਖ ਸੰਘਰਸ਼ ਪ੍ਰਤੀ ਬਣਾਈ ਆਪਣੀ ਪਹੁੰਚ ਦੀ ਐਨਕ ਦੁਆਰਾ ਹੀ ਇਸ ਖ਼ੂਨੀ ਦੌਰ ਦਾ ਮੁਲੰਕਣ ਕੀਤਾ ਜਾਵੇਗਾ, ਕੀ ਕਿਸੇ ਵੀ ਹਥਿਆਰਬੰਦ ਸੰਘਰਸ਼ ਨੂੰ ਉਸ ਦੀ ਪੈਦਾਇਸ਼, ਕਾਰਨ, ਪਿਛੋਕੜ ਅਤੇ ਰਾਜਕੀ ਪ੍ਰਤੀਕਿਰਿਆ ਤੋਂ ਵੱਖ ਕਰਕੇ ਸਿਰਫ਼ 'ਅੱਤਵਾਦ' ਕਹਿ ਦੇਣਾ ਹੀ ਇਤਿਹਾਸਿਕ ਮੁਲੰਕਣ ਹੁੰਦਾ ਹੈ, ਸਭ ਤੋਂ ਵੱਡਾ ਸਵਾਲ ਕਿ ਜੇਕਰ ਹਥਿਆਰਬੰਦ ਸੰਘਰਸ਼ ਦਾ ਸਿਧਾਂਤ ਗਲਤ ਹੈ ਤਾਂ ਨਕਸਲਵਾੜੀ ਅਤੇ ਉਸ ਤੋਂ ਬਾਅਦ ਦੇ ਕਮਿਊਨਿਸਟ, ਮਾਓਵਾਦੀਆਂ ਦੇ ਹਥਿਆਰਬੰਦ ਸੰਘਰਸ਼ਾਂ ਨੂੰ ਕਿਹੜੀ ਸ਼੍ਰੇਣੀ ਵਿੱਚ ਰੱਖਿਆ ਜਾਵੇਗਾ ? ਇਹਨਾਂ ਸਵਾਲਾਂ ਸਬੰਧੀ ਖੱਬੇ ਪੱਖੀ ਵਿਚਾਰਧਾਰਾ ਦੇ ਲੇਖਕਾਂ ਨੂੰ ਸਪੱਸ਼ਟ ਕਰਨਾ ਪਵੇਗਾ।

1960 ਅਤੇ 1970 ਦੇ ਦਹਾਕਿਆਂ ਵਿੱਚ ਨਕਸਲਵਾੜੀ ਲਹਿਰ ਦਾ ਜਨਮ ਹਥਿਆਰਬੰਦ ਬਗਾਵਤ ਦੇ ਰੂਪ ਵਿੱਚ ਹੋਇਆ। ਜ਼ਮੀਨ, ਜਮਾਤੀ ਸੰਘਰਸ਼ ਅਤੇ ਰਾਜ-ਵਿਵਸਥਾ ਨੂੰ ਹਥਿਆਰਾਂ ਰਾਹੀਂ ਬਦਲਣ ਦੀ ਵਿਚਾਰਧਾਰਾ ਇਸ ਲਹਿਰ ਦਾ ਕੇਂਦਰ ਸੀ। "ਰਾਜਸੀ ਤਾਕਤ ਬੰਦੂਕ ਦੀ ਨਾਲੀ ਵਿੱਚੋਂ ਨਿਕਲਦੀ ਹੈ, ਇਹ ਵਿਚਾਰ ਉਹਨਾਂ ਨਕਸਲਬਾੜੀ ਯੋਧਿਆਂ ਦਾ ਪਰਪੱਕ ਕਥਨ ਸੀ। ਬਾਅਦ ਵਿੱਚ ਇਹ ਧਾਰਾ ਵੱਖ-ਵੱਖ ਕਮਿਊਨਿਸਟ ਧੜਿਆਂ ਵਿੱਚ ਵੰਡੀ ਗਈ। ਕਿਸੇ ਨੇ ਸੰਸਦੀ ਰਸਤਾ ਅਪਣਾਇਆ, ਕਿਸੇ ਨੇ ਹਥਿਆਰਬੰਦ ਇਨਕਲਾਬ ਦੇ ਰਾਹ ਨੂੰ ਹੀ ਜਾਇਜ਼ ਕਿਹਾ ਅਤੇ ਕਿਸੇ ਨੇ ਰਾਜ-ਵਿਵਸਥਾ ਵਿਰੁੱਧ ਲੰਬੇ ਸਮੇਂ ਦੀ ਹਥਿਆਰਬੰਦ ਲੜਾਈ ਨੂੰ ਆਪਣਾ ਸਿਧਾਂਤ ਬਣਾਇਆ। ਪਰ ਜਦੋਂ ਪੰਜਾਬ ਦੀ ਸਿੱਖ ਨੌਜਵਾਨੀ ਨੇ ਜੂਨ 1984 ਦੇ ਸ੍ਰੀ ਦਰਬਾਰ ਸਾਹਿਬ ਉੱਤੇ ਹੋਏ ਫੌਜੀ ਹਮਲੇ, ਸਿੱਖ ਸੰਸਥਾਵਾਂ 'ਤੇ ਹੋਏ ਹਮਲੇ, ਨਵੰਬਰ 1984 ਦੇ ਸਿੱਖ ਕਤਲੇਆਮ ਅਤੇ ਉਸ ਤੋਂ ਬਾਅਦ ਪੰਜਾਬ ਵਿੱਚ ਚੱਲੇ ਹਕੂਮਤੀ ਦਮਨ ਦੇ ਵਿਰੁੱਧ ਹਥਿਆਰ ਚੁੱਕੇ ਤਾਂ ਉਸ ਨੂੰ ਸਮਝਣ ਲਈ ਸ਼ਾਇਦ ਖੱਬੇ ਪੱਖੀ ਲੇਖਕਾਂ ਕੋਲ ਕੋਈ ਇਮਾਨਦਾਰੀ ਦੀ ਘਾਟ ਪੈ ਗਈ, ਇਸ ਲਈ ਉਹਨਾਂ ਨੇ ਸਿੱਖ ਸੰਘਰਸ਼ ਲਈ ਇੱਕੋ ਸ਼ਬਦ 'ਅੱਤਵਾਦ' ਹੀ ਵਰਤਿਆ ਹੈ। ਇਹ ਕਿਹੋ ਜਿਹਾ ਨਿਆਂ ਹੈ। ਇੱਕ ਪਾਸੇ ਨਕਸਲਵਾੜੀ ਦੇ ਹਥਿਆਰਬੰਦ ਸੰਘਰਸ਼ ਨੂੰ ਸਮਾਜਿਕ, ਆਰਥਿਕ ਕਾਰਨਾਂ ਦੀ ਪੈਦਾਵਾਰ ਕਿਹਾ ਜਾ ਸਕਦਾ ਹੈ, ਪਰ ਪੰਜਾਬ ਦੇ ਸਿੱਖ ਸੰਘਰਸ਼ ਨੂੰ ਉਸ ਦੇ ਰਾਜਨੀਤਿਕ, ਧਾਰਮਿਕ ਤੇ ਇਤਿਹਾਸਕ ਕਾਰਨਾਂ ਨਾਲ ਸਮਝਣ ਦੀ ਕੋਸ਼ਿਸ਼ ਕਰਨਾ ਵੀ ਜਿਵੇਂ ਕੋਈ ਅਪਰਾਧ ਬਣ ਜਾਂਦਾ ਹੈ। ਇੱਕ ਸੰਘਰਸ਼ ਲਈ 'ਵਿਚਾਰਧਾਰਾ', 'ਕ੍ਰਾਂਤੀ', 'ਜਮਾਤੀ ਲੜਾਈ' ਅਤੇ 'ਰਾਜ ਵਿਰੋਧੀ ਬਗਾਵਤ' ਵਰਗੇ ਸ਼ਬਦ ਵਰਤੇ ਜਾਂਦੇ ਹਨ, ਜਦਕਿ ਦੂਜੇ ਲਈ ਸਿਰਫ਼ 'ਅੱਤਵਾਦੀ' ਤੇ 'ਵੱਖਵਾਦੀ' ਵਰਗੇ ਸਰਕਾਰੀ ਸ਼ਬਦਾਂ ਨੂੰ ਖੱਬੇ ਪੱਖੀ ਲੇਖਕਾਂ ਨੇ ਆਪਣੇ ਮਨ ਪਸੰਦ ਸ਼ਬਦ ਬਣਾ ਲਿਆ, ਜਿਨ੍ਹਾਂ ਦੀ ਵਰਤੋ ਕਰਨ ਵਿੱਚ ਉਹ ਮਾਣ ਸਮਝਦੇ ਹਨ, ਕਿਉਂਕਿ ਇਹਨਾਂ ਸ਼ਬਦਾਂ ਦੀ ਵਰਤੋਂ ਨਾਲ ਸਟੇਟ ਖੁਸ਼ ਹੁੰਦੀ ਹੈ ਤੇ ਅਖਬਾਰ ਦੇ ਵੱਡੇ ਅਦਾਰੇ ਵਿੱਚ ਪ੍ਰਮੁੱਖਤਾ ਮਿਲਦੀ ਹੈ। ਇਸ ਤੋਂ ਵੱਡਾ ਦੋਹਰਾ ਮਾਪਦੰਡ ਹੋਰ ਕੀ ਹੋ ਸਕਦਾ ਹੈ। ਜਗਤਾਰ ਸਿੰਘ ਦੇ ਲੇਖ ਵਿੱਚ ਇਹ ਰੁਝਾਨ ਸਪੱਸ਼ਟ ਦੇਖਿਆ ਜਾ ਸਕਦਾ ਹੈ। ਇੱਕ ਪਾਸੇ ਉਹ 'ਸਤਲੁਜ' ਫਿਲਮ ਨੂੰ ਹਿੰਦੂ-ਸਿੱਖ ਟਕਰਾਅ ਪੈਦਾ ਕਰਨ ਵਾਲੀ ਫਿਲਮ ਨਹੀਂ ਮੰਨਦੇ। ਉਹ ਸਪੱਸ਼ਟ ਕਰਦੇ ਹਨ ਕਿ ਫਿਲਮ ਵਿੱਚ ਅਜਿਹਾ ਕੁਝ ਨਹੀਂ, ਜਿਸ ਨਾਲ ਹਿੰਦੂਆਂ ਅਤੇ ਸਿੱਖਾਂ ਵਿਚਕਾਰ ਟਕਰਾਅ ਪੈਦਾ ਹੋਵੇ। ਇਹ ਗੱਲ ਸਹੀ ਹੈ। ਪੰਜਾਬ ਦਾ ਇਤਿਹਾਸ ਹਿੰਦੂ-ਸਿੱਖ ਦੁਸ਼ਮਣੀ ਦਾ ਇਤਿਹਾਸ ਨਹੀਂ ਹੈ। ਪੰਜਾਬ ਦੇ ਪਿੰਡਾਂ, ਸ਼ਹਿਰਾਂ ਅਤੇ ਪਰਿਵਾਰਾਂ ਵਿੱਚ ਹਿੰਦੂ ਅਤੇ ਸਿੱਖ ਸਦੀਆਂ ਤੋਂ ਇਕੱਠੇ ਰਹਿੰਦੇ ਆਏ ਹਨ। ਪਰ ਜਦੋਂ ਲੇਖਕ ਇਸੇ ਦੌਰ ਦੀ ਅਸਲ ਸਿਆਸੀ ਅਤੇ ਧਾਰਮਿਕ ਪਿਛੋਕੜ ਦੀ ਗੱਲ ਕਰਦਾ ਹੈ ਤਾਂ ਸਿੱਖ ਹਿੱਤਾਂ ਲਈ ਲੜਨ ਵਾਲੇ ਨੌਜਵਾਨਾਂ ਨੂੰ 'ਖਾਲਿਸਤਾਨੀ ਅੱਤਵਾਦੀ' ਕਹਿ ਕੇ ਸੰਬੋਧਤ ਹੁੰਦਾ ਹੈ। ਇੱਥੇ ਸਵਾਲ ਪੈਦਾ ਹੁੰਦਾ ਹੈ, ਕਿ ਜੇ ਫਿਲਮ ਹਿੰਦੂ ਵਿਰੋਧੀ ਨਹੀਂ ਹੈ ਤਾਂ ਫਿਰ ਜਿਸ ਦੌਰ ਦੇ ਸੰਘਰਸ਼ 'ਤੇ ਫਿਲਮ ਬਣੀ ਹੈ, ਉਹ ਸੰਘਰਸ਼ ਹਿੰਦੂ ਵਿਰੋਧੀ ਕਿਵੇਂ ਹੋ ਗਿਆ? ਇੱਕੋ ਸਮੇਂ ਇਹ ਦੋ ਆਪਾ ਵਿਰੋਧੀ ਪ੍ਰਵਚਨ ਇਕੱਠੇ ਸੱਚ ਕਿਵੇਂ ਹੋ ਸਕਦੇ ਹਨ। ਜੇ ਟਕਰਾਅ ਦਾ ਮੁੱਖ ਕੇਂਦਰ ਰਾਜ-ਵਿਵਸਥਾ ਅਤੇ ਹਥਿਆਰਬੰਦ ਸਿੱਖ ਜਥੇਬੰਦੀਆਂ ਵਿਚਕਾਰ ਸੀ, ਤਾਂ ਇਤਿਹਾਸ ਨੂੰ ਸਮਝਣ ਲਈ ਉਸ ਰਾਜਨੀਤਿਕ ਟਕਰਾਅ ਦੇ ਪੂਰੇ ਪਿਛੋਕੜ ਨੂੰ ਸਾਹਮਣੇ ਲੈਕੇ ਆਉਣਾ ਪਵੇਗਾ। 1982 ਤੋਂ 1995 ਤੱਕ ਦੇ ਦੌਰ ਨੂੰ ਸਮਝਣ ਲਈ 1984 ਨੂੰ ਭੁੱਲਿਆ ਨਹੀਂ ਜਾ ਸਕਦਾ। ਸ੍ਰੀ ਦਰਬਾਰ ਸਾਹਿਬ 'ਤੇ ਫੌਜੀ ਕਾਰਵਾਈ ਸਿੱਖ ਮਨੋਵਿਗਿਆਨ 'ਤੇ ਇੱਕ ਅਜਿਹੀ ਹਮਲਾ ਸੀ, ਜਿਸ ਨੇ ਪੂਰੇ ਸਮਾਜ ਦੀ ਚੇਤਨਾ ਨੂੰ ਝੰਜੋੜ ਦਿੱਤਾ। ਇਸ ਤੋਂ ਕੁਝ ਮਹੀਨੇ ਬਾਅਦ ਦਿੱਲੀ ਅਤੇ ਦੇਸ਼ ਦੇ ਹੋਰ ਹਿੱਸਿਆਂ ਵਿੱਚ ਸਿੱਖਾਂ ਦਾ ਕਤਲੇਆਮ ਹੋਇਆ। ਹਜ਼ਾਰਾਂ ਸਿੱਖ ਮਾਰੇ ਗਏ। ਦਹਾਕਿਆਂ ਤੱਕ ਇਨਸਾਫ਼ ਲਈ ਪਰਿਵਾਰਾਂ ਨੂੰ ਅਦਾਲਤਾਂ ਅਤੇ ਸਰਕਾਰਾਂ ਦੇ ਦਰਵਾਜ਼ੇ ਖੜਕਾਉਣੇ ਪਏ, ਪਰ ਇਨਸਾਫ ਫਿਰ ਵੀ ਨਹੀਂ ਮਿਲਿਆ। ਉਸ ਸਮੇਂ ਦੇ ਬੰਦੀ ਸਿੱਖ ਕਦੇਂ ਤੋਂ ਸਜ਼ਾਵਾਂ ਪੂਰੀਆਂ ਕਰਕੇ ਗੈਰ ਕਨੂੰਨੀ ਹਿਰਾਸਤ ਵਿੱਚ ਰੱਖੇ ਹੋਏ ਹਨ। ਕੀ ਇਸ ਬਿਰਤਾਂਤ ਨੂੰ ਪੰਜਾਬ ਦੇ ਸੰਘਰਸ਼ ਤੋਂ ਵੱਖ ਕੀਤਾ ਜਾ ਸਕਦਾ ਹੈ? ਜੇ ਕੋਈ ਵਿਅਕਤੀ ਇਸ ਸਾਰੇ ਬਿਰਤਾਂਤ ਨੂੰ ਨਜ਼ਰਅੰਦਾਜ਼ ਕਰਕੇ ਸਿੱਧਾ 1980 ਦੇ ਦਹਾਕੇ ਦੇ ਹਥਿਆਰਬੰਦ ਸੰਘਰਸ਼ ਨੂੰ 'ਅੱਤਵਾਦ' ਕਹਿ ਦਿੰਦਾ ਹੈ ਤਾਂ ਉਹ ਇਤਿਹਾਸ ਦਾ ਵਿਸ਼ਲੇਸ਼ਣ ਨਹੀਂ ਕਰ ਰਿਹਾ, ਸਗੋਂ ਇੱਕ ਸਰਕਾਰੀ ਬਿਰਤਾਂਤ ਨੂੰ ਬਲ ਦੇ ਕੇ ਦੁਹਰਾ ਰਿਹਾ ਹੈ। ਇੱਥੇ ਇੱਕ ਹੋਰ ਮਹੱਤਵਪੂਰਨ ਗੱਲ ਹੈ, ਕਿ ਖੁਦ ਜਗਤਾਰ ਸਿੰਘ ਦੇ ਲੇਖ ਵਿੱਚ 1982 ਤੋਂ 1995 ਦਰਮਿਆਨ ਖਾੜਕੂਆਂ ਵੱਲੋਂ 1136 ਵਿਅਕਤੀਆਂ ਦੇ ਕਤਲ ਦਾ ਅੰਕੜਾ ਦਿੱਤਾ ਗਿਆ ਹੈ। ਇਹ ਹੱਤਿਆਵਾਂ ਨਿੰਦਣਯੋਗ ਹਨ। ਕਿਸੇ ਵੀ ਨਿਰਦੋਸ਼ ਵਿਅਕਤੀ ਦੀ ਹੱਤਿਆ ਨੂੰ ਕਿਸੇ ਵੀ ਰਾਜਨੀਤਿਕ ਜਾਂ ਧਾਰਮਿਕ ਮਕਸਦ ਦੇ ਨਾਂ 'ਤੇ ਜਾਇਜ਼ ਨਹੀਂ ਠਹਿਰਾਇਆ ਜਾ ਸਕਦਾ। ਪਰ ਇਹ ਅੰਕੜਾ ਆਪਣੇ ਆਪ ਵਿੱਚ ਇਹ ਸਾਬਤ ਨਹੀਂ ਕਰਦਾ ਕਿ ਸਮੁੱਚਾ ਸੰਘਰਸ਼ ਹਿੰਦੂ ਵਿਰੋਧੀ ਸੀ ਜਾਂ ਜੋ ਉਹਨਾਂ ਵੱਲੋਂ ਬੱਸਾਂ 'ਚੋਂ ਉਤਾਰ ਕੇ ਮਾਰੇ ਗਏ ਨਿਰਦੋਸ਼ ਹਿੰਦੂਆਂ 'ਤੇ ਫਿਲਮ ਨਾ ਬਣਾਉਣ ਸਬੰਧੀ ਸਵਾਲ ਤਾਂ ਚੁੱਕਿਆ ਗਿਆ ਹੈ, ਪਰ ਉਹਨਾਂ ਕਤਲਾਂ ਨੂੰ ਕਿਸੇ ਇੱਕ ਵਿਅਕਤੀ ਦੇ ਜ਼ਿੰਮੇਵਾਰੀ ਲੈਣ ਨੂੰ ਸਮੁੱਚੀ ਲਹਿਰ ਦੇ ਖਾਤੇ ਪਾਉਣ 'ਤੇ ਜ਼ੋਰ ਦੇ ਰਿਹਾ ਹੈ,ਪਰ ਏਜੰਸੀਆਂ ਦੀ ਸਾਜਿਸ਼ ਨੂੰ ਬਾਈਪਾਸ ਕਰਕੇ ਸਟੇਟ ਦੇ ਟੂਲ ਦਾ ਕੰਮ ਕਰਦਾ ਦਿਖਾਈ ਦਿੰਦਾ ਹੈ। ਸਮੇਤ ਉਪਰਲੇ ਸਰਕਾਰੀ ਅੰਕੜਿਆਂ ਦੇ ਇਨ੍ਹਾਂ ਮੌਤਾਂ ਵਿੱਚ ਕਿੰਨੇ ਹਿੰਦੂ ਸਨ, ਕਿੰਨੇ ਸਿੱਖ ਸਨ ਅਤੇ ਕਿੰਨੇ ਉਹ ਲੋਕ ਸਨ ਜੋ ਹਕੂਮਤੀ ਦਮਨ, ਪੁਲਿਸ ਮੁਕਾਬਲਿਆਂ, ਹਿਰਾਸਤਾਂ ਅਤੇ ਹੋਰ ਹਿੰਸਕ ਕਾਰਵਾਈਆਂ ਦਾ ਸ਼ਿਕਾਰ ਬਣੇ, ਜੇ ਅੰਕੜੇ ਦਿੱਤੇ ਜਾ ਰਹੇ ਹਨ ਤਾਂ ਪੂਰੇ ਅੰਕੜੇ ਕਿਉਂ ਨਹੀਂ ਦਿੱਤੇ ਜਾਂਦੇ , ਇੱਕ ਤਰਫਾ ਕਿਉਂ ਲਿਖਿਆ ਜਾ ਰਿਹਾ ਹੈ ? ਕੌਮੀ ਸ਼ਹੀਦ ਭਾਈ ਜਸਵੰਤ ਸਿੰਘ ਖਾਲੜਾ ਨੂੰ ਸਿਰਫ ਮਾਝੇ ਵਿੱਚੋਂ 25000 ਲਾਵਾਰਸ ਲਾਸ਼ਾਂ ਦੇ ਅੰਕੜੇ ਇਕੱਠੇ ਕਰਨ ਤੱਕ ਸ਼ਹੀਦ ਕਰ ਦਿੱਤਾ ਗਿਆ, ਪਰ ਜਗਤਾਰ ਸਿੰਘ ਦੀ ਨਜ਼ਰ ਵਿੱਚ 1982 ਤੋ 1999 ਤੱਕ ਸਮੇਤ ਜੂਨ 1984 ਦੇ ਸ੍ਰੀ ਦਰਬਾਰ ਸਾਹਿਬ 'ਤੇ ਫੌਜੀ ਹਮਲੇ ਦਰਮਿਆਨ ਮਰਨ ਵਾਲੇ ਸਿੱਖ ਅਤੇ ਨਵੰਬਰ 1984 ਦਾ ਦਿੱਲੀ ਸਮੇਤ ਦੇਸ਼ ਦੇ ਵੱਖ ਵੱਖ ਹਿੱਸਿਆਂ ਵਿੱਚ ਕੀਤਾ ਗਿਆ ਸਿੱਖਾਂ ਦਾ ਯੋਜਨਾਬੱਧ ਕਤਲੇਆਮ ਵੀ ਸ਼ਾਮਲ ਹੈ, ਵਿੱਚ ਸਿਰਫ 30,000 ਲੋਕਾਂ ਦੇ ਮਾਰੇ ਜਾਣ ਦੀ ਗੱਲ ਕਰਕੇ ਖਾਲੜਾ ਸਾਹਿਬ ਨੂੰ ਝੂਠਾ ਕਰਨ ਦੀ ਕੋਸ਼ਿਸ਼ ਕਰ ਰਿਹਾ ਹੈ। ਪੰਜਾਬ ਦਾ ਸੰਘਰਸ਼ ਸਿਰਫ਼ ਇੱਕ ਧਿਰ ਦੀ ਹਿੰਸਾ ਦੀ ਕਹਾਣੀ ਨਹੀਂ ਸੀ। ਇਹ ਇੱਕ ਕੌਮ ਦੀ ਇੱਕ ਪੀੜ੍ਹੀ ਦੀ ਨਸਲਕੁਸ਼ੀ, ਦੇਸ਼ਾਂ ਨਾਲ ਜੁੜਿਆ ਹੋਇਆ ਅਜਿਹਾ ਸੱਚ ਹੈ, ਜਿਸਨੂੰ ਭਾਈ ਜਸਵੰਤ ਸਿੰਘ ਖਾਲੜਾ ਨੇ ਆਪਣੀ ਜਾਨ ਤਲੀ 'ਤੇ ਰੱਖ ਕੇ ਨੰਗਿਆਂ ਕੀਤਾ। ਖੱਬੇ ਪੱਖੀ ਬੁੱਧੀਜੀਵੀ ਹਕੂਮਤੀ ਹਿੰਸਾ ਦੀ ਆਲੋਚਨਾ ਕਰਨ ਵਿੱਚ ਅਕਸਰ ਬਹੁਤ ਸਪੱਸ਼ਟ ਹੁੰਦੇ ਹਨ। ਉਹ ਦੁਨੀਆ ਦੇ ਵੱਖ-ਵੱਖ ਹਿੱਸਿਆਂ ਵਿੱਚ ਰਾਜ ਵਿਰੁੱਧ ਹੋਏ ਸੰਘਰਸ਼ਾਂ ਨੂੰ ਸਮਾਜਿਕ, ਆਰਥਿਕ ਅਤੇ ਰਾਜਨੀਤਿਕ ਪਿਛੋਕੜ ਵਿੱਚ ਸਮਝ ਕੇ ਵਿਸ਼ਲੇਸ਼ਣ ਕਰਦੇ ਹਨ। ਪਰ ਜਦੋਂ ਗੱਲ ਸਿੱਖ ਕੌਮ ਦੇ ਸੰਘਰਸ਼ ਦੀ ਆਉਂਦੀ ਹੈ ਤਾਂ ਸਾਰੀ ਵਿਸ਼ਲੇਸ਼ਣਾਤਮਕ ਸਮਰੱਥਾ ਖਤਮ ਹੋ ਜਾਂਦੀ ਹੈ। ਫਿਰ ਨਾ ਇਤਿਹਾਸ ਹੁੰਦਾ ਹੈ, ਨਾ ਪਿਛੋਕੜ, ਨਾ ਹਕੂਮਤੀ ਦਮਨ, ਨਾ 1984, ਨਾ ਸਿੱਖ ਮਨੋਵਿਗਿਆਨ। ਸਾਰਾ ਜ਼ੋਰ ਤਾਣ ਲਾਕੇ ਇੱਕੋ ਸ਼ਬਦ 'ਅੱਤਵਾਦ' ਜਾਂ ਸਿੱਖ ਅੱਤਵਾਦ ਹੀ ਬਚਦਾ ਹੈ। ਇਹ ਵੀ ਇਤਿਹਾਸ ਦਾ ਇੱਕ ਵੱਡਾ ਵਿਰੋਧਾਭਾਸ ਹੈ ਕਿ ਜਿਹੜੀ ਖੱਬੇ ਪੱਖੀ ਰਾਜਨੀਤੀ ਆਪਣੇ ਆਪ ਨੂੰ ਹਕੂਮਤੀ ਸ਼ਕਤੀ ਦੀ ਆਲੋਚਕ ਦੱਸਦੀ ਰਹੀ, ਉਸ ਦੇ ਇੱਕ ਵੱਡੇ ਹਿੱਸੇ ਨੇ ਪੰਜਾਬ ਵਿੱਚ ਹਕੂਮਤੀ ਦਮਨ ਦੇ ਦੌਰਾਨ ਸਰਕਾਰੀ ਮਸ਼ੀਨਰੀ ਦੇ ਨਾਲ ਖੜ੍ਹਨ ਦੀ ਭੂਮਿਕਾ ਨਿਭਾਈ। ਪੰਜਾਬ ਪੁਲਿਸ, ਅਰਧ-ਸੈਨਿਕ ਬਲਾਂ ਅਤੇ ਸਰਕਾਰੀ ਤਾਕਤਾਂ ਦੇ ਮੁਕਾਬਲੇ ਸਿੱਖ ਨੌਜਵਾਨਾਂ ਦੇ ਖ਼ਿਲਾਫ਼ ਲੜਨ ਵਾਲੀਆਂ ਧਿਰਾਂ ਵਿੱਚ ਖੱਬੇ ਪੱਖੀ ਤੱਤਾਂ ਦੀ ਭੂਮਿਕਾ ਨੂੰ ਪੰਜਾਬ ਦੇ ਲੋਕਾਂ ਨੇ ਆਪਣੀਆਂ ਅੱਖਾਂ ਨਾਲ ਦੇਖਿਆ ਹੋਇਆ ਹੈ, ਇਸ ਦੇ ਇਵਜ਼ ਵਿੱਚ ਉਹਨਾਂ ਨੂੰ ਸਰਕਾਰੀ ਅਸਲਾ, ਗੱਡੀਆਂ ਅਤੇ ਹੋਰ ਆਰਥਿਕ ਲਾਭ ਦੇ ਸਰੋਤ ਵੀ ਉਪਲਬਧ ਕਰਵਾਏ ਜਾਂਦੇ ਰਹੇ ਹਨ। ਇਹ ਗੱਲ ਕਿਸੇ ਇੱਕ ਵਿਅਕਤੀ ਜਾਂ ਪੂਰੀ ਵਿਚਾਰਧਾਰਾ ਦੇ ਹਰ ਵਿਅਕਤੀ 'ਤੇ ਲਾਗੂ ਨਹੀਂ ਕੀਤੀ ਜਾ ਸਕਦੀ, ਪਰ ਇਤਿਹਾਸ ਵਿੱਚ ਇਹ ਵੀ ਦਰਜ ਹੈ ਕਿ ਪੰਜਾਬ ਦੇ ਸਿੱਖ ਸੰਘਰਸ਼ ਪ੍ਰਤੀ ਖੱਬੇ ਪੱਖੀ ਰਾਜਨੀਤੀ ਦਾ ਵੱਡਾ ਹਿੱਸਾ ਹਮਦਰਦ ਨਹੀਂ ਬਲਕਿ ਦੁਸ਼ਮਣ ਦੀ ਭੂਮਿਕਾ ਨਿਭਾਉਂਦਾ ਰਿਹਾ ਹੈ। ਇਸ ਦੇ ਕਾਰਨਾਂ ਨੂੰ ਸਮਝਣ ਲਈ ਅੰਤਰਰਾਸ਼ਟਰੀ ਰਾਜਨੀਤੀ, ਸੋਵੀਅਤ ਸੰਘ ਅਤੇ ਭਾਰਤੀ ਰਾਜ ਦੇ ਰਿਸ਼ਤਿਆਂ ਅਤੇ ਉਸ ਦੌਰ ਦੀ ਭੂ-ਰਾਜਨੀਤਿਕ ਸੋਚ ਨੂੰ ਵੀ ਸਮਝਣਾ ਪਵੇਗਾ। ਪੰਜਾਬ ਦੇ ਸਿੱਖ ਸੰਘਰਸ਼ ਨੂੰ ਸਿਰਫ਼ ਧਾਰਮਿਕ ਕੱਟੜਤਾ ਜਾਂ ਹਿੰਦੂ ਵਿਰੋਧੀ ਸੋਚ ਦੇ ਰੂਪ ਵਿੱਚ ਪੇਸ਼ ਕਰਨਾ ਉਸ ਵੱਡੇ ਅੰਤਰਰਾਸ਼ਟਰੀ ਸੰਦਰਭ ਨੂੰ ਨਜ਼ਰਅੰਦਾਜ਼ ਕਰਨਾ ਹੈ। ਕਿਸੇ ਵਿਅਕਤੀ ਨਾਲ ਵਿਚਾਰਕ ਅਸਹਿਮਤੀ ਹੋ ਸਕਦੀ ਹੈ। ਕਿਸੇ ਦੀ ਰਾਜਨੀਤਿਕ ਭੂਮਿਕਾ ਦੀ ਆਲੋਚਨਾ ਕੀਤੀ ਜਾ ਸਕਦੀ ਹੈ। ਕਿਸੇ ਸੰਘਰਸ਼ ਦੇ ਤਰੀਕਿਆਂ 'ਤੇ ਸਵਾਲ ਉਠਾਏ ਜਾ ਸਕਦੇ ਹਨ। ਪਰ ਜਦੋਂ ਸੰਤ ਜਰਨੈਲ ਸਿੰਘ ਭਿੰਡਰਾਂਵਾਲਿਆਂ ਵਰਗੇ ਮਹਾਨ ਵਿਅਕਤੀ ਦਾ ਨਾਮ ਲਿਖਣ ਸਮੇਂ ਉਸ ਦੀ ਪਹਿਚਾਣ, ਸਤਿਕਾਰ ਅਤੇ ਸਮਾਜਕ ਸੰਦਰਭ ਨੂੰ ਜਾਣਬੁੱਝ ਕੇ ਮਿਟਾ ਦਿੱਤਾ ਜਾਂਦਾ ਹੈ, ਤਾਂ ਲੇਖਕ ਦੀ ਲਿਖਤ ਨਿਰਪੱਖਤਾ ਤੋਂ ਕੋਹਾਂ ਦੂਰ ਖੜ੍ਹੀ ਦਿਖਾਈ ਦਿੰਦੀ ਹੈ। ਸਿੱਖ ਪੰਥ ਲਈ 'ਸੰਤ ਜਰਨੈਲ ਸਿੰਘ ਭਿੰਡਰਾਂਵਾਲੇ' ਨਵੇਂ ਯੁੱਗ ਦਾ ਆਦਰਸ਼ ਹਨ। ਇਹ ਸਿਰਫ਼ ਨਾਮ ਨਹੀਂ, ਇੱਕ ਸਮਾਜਕ ਅਤੇ ਧਾਰਮਿਕ ਪਛਾਣ ਦੇ ਨਾਲ ਨਾਲ ਇੱਕ ਪਵਿੱਤਰ ਸੋਚ ਬਣ ਗਈ ਹੈ। ਲੇਖਕ ਉਨ੍ਹਾਂ ਨੂੰ ਸਿਰਫ਼ 'ਜਰਨੈਲ ਸਿੰਘ ਭਿੰਡਰਾਂਵਾਲਾ' ਲਿਖਦਾ ਹੈ ਪਰ ਜਦੋਂ ਉਹੀ ਲੇਖਕ ਅੱਗੇ ਜਾ ਕੇ ਮੁੱਖ ਮੰਤਰੀ ਬੇਅੰਤ ਸਿੰਘ ਤੇ ਸੰਤ ਹਰਚੰਦ ਸਿੰਘ ਲੌਂਗੋਵਾਲ ਦੀ ਗੱਲ ਕਰਦਾ ਹੈ, ਤਾਂ ਓਥੇ ਉਹ ਸ਼ਬਦ 'ਸੰਤ ਹਰਚੰਦ ਸਿੰਘ ਲੌਂਗੋਵਾਲ' ਵਰਤਦਾ ਹੈ। ਇਹ ਮਾਨ